

ਆਓ ਪੰਜਾਬੀ ਸਿਖੀਏ ਹਰਿ ਬਾਣੀ ਪੜ੍ਹੀਏ ਵਿਚਾਰੀਏ

आओ पंजाबी सिखीए हरि बाणी पढ़ीए विचारीए





ਕਿਰਪਾ ਕਰ ਕੇ ਧਿਆਨ ਦਿਓ ;

ਇਸ ਕਿਤਾਬ ਵਿਚ ਜਿਥੇ ਕਿਤੇ ਪੰਜਾਬੀ ਦੇ ਸ਼ਬਦਾਂ ਦਾ ਹਿੰਦੀ ਸਮਰੂਪ ਦਿਤਾ ਗਿਆ ਹੈ ਓਹ ਪੰਜਾਬੀ ਦੇ ਸ਼ਬਦਾਂ ਦੀ ਧੁਨੀ ਅਨੁਸਾਰ ਹੈ । ਮੰਤਵ ਹੈ ਕਿ ਹਿੰਦੀ ਜਾਨਣ ਵਾਲੇ ਸੱਜਣ ਪੰਜਾਬੀ ਸਿਖ ਕੇ ਹਰਿਬਾਣੀ ਪੜ੍ਹ ਅਤੇ ਵਿਚਾਰ ਸਕਣ ।

कृपया ध्यान दें :

इस पुस्तक में जहां कहीं पंजाबी शब्दों का हिन्दी समरुप दिया गया है, वे पंजाबी शब्दों की ध्वनि अनुसार है। लक्ष्य यह है कि हिन्दी पाठक स्वंय पंजाबी सीख कर हरिबाणी पढ़ और विचार सकण।

## ਪੰਜਾਬੀ ਵਰਨਮਾਲਾ :

ਗੁਰਮੁਖੀ (ਪੰਜਾਬੀ) ਵਰਨਮਾਲਾ ਦੇ ਬਵੰਜਾ ਅੱਖਰ ਹਨ । ਜਗਤ ਵਿਦਿਆ ਲਈ ਪ੍ਰਮਾਤਮਾ ਨੇ ਸਾਨੂੰ ਪੈਤੀ ਅੱਖਰਾਂ ਦੀ ਹੀ ਬਖ਼ਸ਼ਿਸ਼ ਕੀਤੀ । ਇਸ ਲਈ ਇਸ ਨੂੰ ਪੈਂਤੀ ਵੀ ਕਹਿੰਦੇ ਹਨ । ਪੰਜ ਅੱਖਰ ਪੈਰੀ ਬਿੰਦੀ ਵਾਲੇ ਵੀ ਵਰਤੇ ਜਾਂਦੇ ਹਨ । ਸਤਾਰਾਂ ਅੱਖਰ ਪ੍ਰਮਾਤਮਾ ਨੇ ਆਪਣੇ ਅੰਦਰ ਹੀ ਬੰਦ ਰਖੇ ਹਨ । ਕੋਈ ਗੁਰੂ ਪੀਰ ਅਵਤਾਰ ਵੀ ਇਨ੍ਹਾਂ ਨੂੰ ਜਣਾ ਨਹੀਂ ਸਕਿਆ । (ਦੇਖੋ ਹਰਿ ਬਾਣੀ ੫ ਜੇਠ ੨੦੧੬ ਬਿ, ੨੧ ਜੇਠ ੨੦੧੬ ਬਿ, ੮ ਜੇਠ ੨੦੧੭ ਬਿ,)

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ |




ੳ ਅ ੲ ਪਹਿਲੇ ਤਿੰਨ ਅੱਖਰਾਂ ਨੂੰ ਸਵਰ ਅਤੇ ਬਾਕੀ ਅੱਖਰਾਂ ਨੂੰ ਵਿਅੰਜਨ ਕਿਹਾ ਜਾਂਦਾ ਹੈ । ੳ ਅਤੇ ੲ ਦੀ ਵਰਤੋਂ ਬਿਨਾ ਮਾਤਰਾਂ ਦੇ ਨਹੀਂ ਕੀਤੀ ਜਾ ਸਕਦੀ ।

## पंजाबी वर्णमाला :

गुरमुखी (पंजाबी) वर्णमाला दे बवंजा अक्खर हन। जगत विद्या लई प्रमात्मा ने सानूं पैंती अक्खरां दी ही बख़शिस कीती। इस लई इस नूं पैंती वी कहन्दे हन। पंज अक्खर पैरी बिंदी वाले वी वरते जांदे हन। सतारां अक्खर प्रमात्मा ने आपणे अंदर ही बंद रखे हन कोई गुरू पीर अवतार वी इन्हां नूं जणा नहीं सक्या। (देखो हरि बाणी ५ जेठ २०१६ बि, २१ जेठ २०१६ बि, ८ जेठ २०१७ बि,)

| | | | | |
|---|---|---|---|---|
| उ | अ | इ | स | ह |
| क | ख | ग | घ | ङ |
| च | छ | ज | झ | ञ |
| ट | ठ | ड | ढ | ण |
| त | थ | द | ध | न |
| प | फ | ब | भ | म |
| य | र | ल | व | ड़ |
| श | ख़ | ग़ | ज़ | फ़ |



उ अ इ पहले तिन्न अक्खरां नूं स्वर अते बाकी अक्खरां नूं व्यंजन किहा जांदा है। उ अते इ दी वरतों बिना मात्रां दे नहीं कीती जा सकदी।

ਇਸ ਤੋਂ ਇਲਾਵਾ ਬਾਰਾਂ ਮਾਤਰਾਂ ਹਨ । ਤਿੰਨ ਅੱਧੇ ਅੱਖਰਾਂ ਦੀ ਵਰਤੋ ਦੂਜੇ ਅੱਖਰਾਂ ਦੇ ਥੱਲੇ ਕਿਤੇ ਕਿਤੇ ਕੀਤੀ ਜਾਂਦੀ ਹੈ ।

ਾ ਿ ੀ ੁ ੂ ੇ ੈ ੋ ੌ ੱ ੰ ਂ

ਅੱਧੇ ਅੱਖਰ : ੍ਹ ੍ਰ ੍ਵ

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਦਾ ਵਿਕਾਸ ਕੀਤਾ, ਇਸ ਲਈ ਇਸ ਨੂੰ ਗੁਰਮੁਖੀ ਲਿਪੀ ਕਿਹਾ ਜਾਂਦਾ ਹੈ ।

ੴ

इस तों इलावा बारां मात्रां हन। तिन्न अध्धे अक्खरां दी वरतो दूजे अक्खरां दे थल्ले किते किते कीती जांदी है।

ा ि ी ु ू े ै ो ौ ं ँ ं

अर्ध अक्षर : ्ह र् ्र

श्री गुरू अंगद देव जी ने इस दा विकास कीता, इस लई इस नूं गुरमुखी लिपी किहा जांदा है ।

ॐ

| | | | | |
|---|---|---|---|---|
| ੳ उ<br>ऊड़ा | ਅ अ<br>ऐड़ा | ੲ इ<br>ईड़ी | ਸ स<br>सस्सा | ਹ ह<br>हाहा |
| ਕ क<br>कक्का | ਖ ख<br>खक्खा | ਗ ग<br>गग्गा | ਘ घ<br>घग्घा | ਙ ङ<br>ङङा |
| ਚ च<br>चच्चा | ਛ छ<br>छच्छा | ਜ ज<br>जज्जा | ਝ झ<br>झज्झा | ਞ ञ<br>ञंञा |
| ਟ ट<br>टैंका | ਠ ठ<br>ठठठा | ਡ ड<br>डड्डा | ਢ ढ<br>ढड्ढा | ਣ ण<br>णाणा |
| ਤ त<br>तत्ता | ਥ थ<br>थत्था | ਦ द<br>ददद् | ਧ ध<br>धदघा | ਨ न<br>नन्ना |
| ਪ प<br>पप्पा | ਫ फ<br>फफ्फा | ਬ ब<br>बब्बा | ਭ भ<br>भब्भा | ਮ म<br>मम्मा |
| ਯ य<br>यय्या | ਰ र<br>रारा | ਲ ल<br>लल्ला | ਵ व<br>वव्वा | ੜ ड़<br>ड़ाड़ा |
| ਸ਼ श<br>शश्शा | ਖ਼ ख़<br>ख़क्ख़ा | ਗ਼ ग़<br>ग़ग्ग़ा | ਜ਼ ज़<br>ज़ज्ज़ा | ਫ਼ फ़<br>फ़फ्फ़ा |

| | | | | |
|---|---|---|---|---|
| उ<br>OORHA | अ<br>AIRHA | इ<br>IRHI | स<br>SASSA | ह<br>HAHA |
| क<br>KAKKA | ख<br>KHAKKHA | ग<br>GAGGA | घ<br>GHAGGA | ङ<br>ANGA |
| च<br>CHACHCHA | छ<br>CHHACHCHHA | ज<br>JAJJA | झ<br>JHAJJHA | ञ<br>YAEEYA |
| ट<br>TAINKA | ठ<br>THATHTHA | ड<br>DADDA | ढ<br>DHADDHA | ण<br>ANANA |
| त<br>TATTA | थ<br>THATHTHA | द<br>DADDA | ध<br>DHADDHA | न<br>NANNA |
| प<br>PAPPA | फ<br>PHAPPHA | ब<br>BABBA | भ<br>BHABBHA | म<br>MAMMA |
| य<br>YAYYA | र<br>RARA | ल<br>LALLA | व<br>VAVVA | ड़<br>RHADHA |
| श | ख़ | ग़ | ज़ | फ़ |

| | | | | |
|---|---|---|---|---|
| ੧ ਇਕ | ੧੧ ਗਿਆਰਾਂ | ੨੧ ਇੱਕੀ | ੩੧ ਇਕੱਤੀ | ੪੧ ਇਕਤਾਲੀ |
| १ इक | ११ ग्यारां | २१ इक्की | ३१ इक्ती | ४१ इकताली |
| ੨ ਦੋ | ੧੨ ਬਾਰਾਂ | ੨੨ ਬਾਈ | ੩੨ ਬੱਤੀ | ੪੨ ਬਿਆਲੀ |
| २ दो | १२ बारां | २२ बाई | ३२ बत्ती | ४२ बिआली |
| ੩ ਤਿੰਨ | ੧੩ ਤੇਰਾਂ | ੨੩ ਤੇਈ | ੩੩ ਤੇਤੀ | ੪੩ ਤ੍ਰਿਤਾਲੀ |
| ३ तिन्न | १३ तेरां | २३ तेई | ३३ तेत्ती | ४३ तृताली |
| ੪ ਚਾਰ | ੧੪ ਚੌਦਾਂ | ੨੪ ਚੌਵੀ | ੩੪ ਚੌਤੀ | ੪੪ ਚੌਤਾਲੀ |
| ४ चार | १४ चौदां | २४ चौवी | ३४ चौंती | ४४ चौताली |
| ੫ ਪੰਜ | ੧੫ ਪੰਦਰਾਂ | ੨੫ ਪੱਚੀ | ੩੫ ਪੈਂਤੀ | ੪੫ ਪੰਤਾਲੀ |
| ५ पंज | १५ पंदरां | २५ पच्ची | ३५ पैंती | ४५ पंताली |
| ੬ ਛੇ | ੧੬ ਸੋਲਾਂ | ੨੬ ਛੱਬੀ | ੩੬ ਛੱਤੀ | ੪੬ ਛਿਤਾਲੀ |
| ६ छे | १६ सोलां | २६ छब्बी | ३६ छत्ती | ४६ छिताली |
| ੭ ਸੱਤ | ੧੭ ਸਤਾਰਾਂ | ੨੭ ਸਤਾਈ | ੩੭ ਸੈਂਤੀ | ੪੭ ਸੈਂਤਾਲੀ |
| ७ सत्त | १७ सतारां | २७ सताई | ३७ सैंती | ४७ सैंताली |
| ੮ ਅੱਠ | ੧੮ ਅਠਾਰਾਂ | ੨੮ ਅਠਾਈ | ੩੮ ਅਠੱਤੀ | ੪੮ ਅਠਤਾਲੀ |
| ८ अट्ठ | १८ अठारां | २८ अठाई | ३८ अठत्ती | ४८ अठताली |
| ੯ ਨੌਂ | ੧੯ ਉੱਨੀ | ੨੯ ਉਣੱਤੀ | ੩੯ ਉਨਤਾਲੀ | ੪੯ ਉਨੰਜਾ |
| ९ नौ | १९ उन्नी | २९ उणत्ती | ३९ उनताली | ४९ उनन्जा |
| ੧੦ ਦਸ | ੨੦ ਵੀਹ | ੩੦ ਤੀਹ | ੪੦ ਚਾਲੀ | ੫੦ ਪੰਜਾਹ |
| १० दस | २० वीह | ३० तीह | ४० चाली | ५० पंजाह |

| | | | | |
|---|---|---|---|---|
| ੫੧ ਇਕਵੰਜਾ | ੬੧ ਇਕਾਹਠ | ੭੧ ਇਕਹੱਤਰ | ੮੧ ਇਕਾਸੀ | ੯੧ ਇਕਾਨਵੇ |
| ५१ इक्वन्जा | ६१ इकाहठ् | ७१ इक्हत्तर | ८१ इकासी | ९१ इकानवे |
| ੫੨ ਬਵੰਜਾ | ੬੨ ਬਾਹਠ | ੭੨ ਬਹੱਤਰ | ੮੨ ਬਿਆਸੀ | ੯੨ ਬਾਨਵੇ |
| ५२ बवंजा | ६२ बाहठ | ७२ बहत्तर | ८२ बिआसी | ९२ बानवे |
| ੫੩ ਤ੍ਰਿਵੰਜਾ | ੬੩ ਤ੍ਰੇਹਠ | ੭੩ ਤਿਹੱਤਰ | ੮੩ ਤਿਰਾਸੀ | ੯੩ ਤਿਰਾਨਵੇ |
| ५३ त्रिवन्जा | ६३ त्रेहठ् | ७३ तिहत्तर | ८३ तिरासी | ९३ तिरानवे |
| ੫੪ ਚੁਰੰਜਾ | ੬੪ ਚੌਹਠ | ੭੪ ਚੌਹੱਤਰ | ੮੪ ਚੌਰਾਸੀ | ੯੪ ਚੌਰਾਨਵੇ |
| ५४ चुरंजा | ६४ चौहठ् | ७४ चौहत्तर | ८४ चौरासी | ९४ चौरान्वे |
| ੫੫ ਪਚਵੰਜਾ | ੬੫ ਪੈਂਹਠ | ੭੫ ਪੰਝੱਤਰ | ੮੫ ਪੰਚਾਸੀ | ੯੫ ਪਚਾਨਵੇ |
| ५५ पचवंजा | ६५ पैंहठ् | ७५ पझत्तर | ८५ पन्चासी | ९५ पचानवे |
| ੫੬ ਛਪੰਜਾ | ੬੬ ਛਿਆਹਠ | ੭੬ ਛਿਹੱਤਰ | ੮੬ ਛਿਆਸੀ | ੯੬ ਛਿਆਨਵੇ |
| ५६ छपंजा | ६६ छिआहठ् | ७६ छिहत्तर | ८६ छिआसी | ९६ छिआनवे |
| ੫੭ ਸਤਵੰਜਾ | ੬੭ ਸਤਾਹਠ | ੭੭ ਸਤੱਤਰ | ੮੭ ਸਤਾਸੀ | ੯੭ ਸਤਾਨਵੇ |
| ५७ सतवंजा | ६७ सताहठ् | ७७ सतत्तर | ८७ सत्तासी | ९७ सतान्वे |
| ੫੮ ਅਠਵੰਜਾ | ੬੮ ਅਠਾਹਠ | ੭੮ ਅਠੱਤਰ | ੮੮ ਅਠਾਸੀ | ੯੮ ਅਠਾਨਵੇ |
| ५८ अठवंजा | ६८ अठाहठ् | ७८ अठ्ठत्तर | ८८ अठ्ठासी | ९८ अठानवे |
| ੫੯ ਉਨਾਹਠ | ੬੯ ਉਨ੍ਹੱਤਰ | ੭੯ ਉਨਾਸੀ | ੮੯ ਉਨਾਨਮੇ | ੯੯ ਨੜਿੰਨਵੇ |
| ५९ उनाहठ् | ६९ उनत्तर | ७९ उनासी | ८९ उुनान्मे | ९९ नड़िन्नवे |
| ੬੦ ਸੱਠ | ੭੦ ਸੱਤਰ | ੮੦ ਅੱਸੀ | ੯੦ ਨੱਵੇ | ੧੦੦ ਸੌ |
| ६० सठ्ठ | ७० सत्तर | ८० अस्सी | ९० नव्वे | १०० सौ |

# ਮਿਲਦੇ ਜੁਲਦੇ ਅੱਖਰ
# मिलदे जुलदे अक्खर

| | | |
|---|---|---|
| ਗ ਟ ਠ | ਪ ਧ ਯ ਖ ਥ ਬ | ਭ ਤ ਡ ੜ |
| ग ट ठ | प ध य ख थ ब | भ त ड ड़ |



| | | | |
|---|---|---|---|
| ਹ ਰ ਗ | ਮ ਸ ਸ਼ | ਚ ਜ ਜ਼ | ਠ ਨ ਲ |
| ह र ग | म स श | च ज ज़ | ठ न ल |



| | | |
|---|---|---|
| ਦ ਢ ਫ | ਟ ੲ ਣ | ਕ ਝ ਵ ਞ |
| द ढ फ | ट इ ण | क झ व ञ |

ਗ ਟ ਠ ਅੱਖਰ ਹਿੰਦੀ ਅਤੇ ਪੰਜਾਬੀ ਦੇ ਆਪਸ ਵਿਚ ਮਿਲਦੇ ਹਨ ।

ग ट ठ अक्खर हिन्दी अते पंजाबी दे आपस विच मिलदे हन ।

ਮੁਕਤਾ ਅੱਖਰਾਂ ਦੀ ਵਰਤੋਂ :
मुक्ता अक्खरां दी वरतों :

ੳ ਅ ੲ  ਪਹਿਲੇ ਤਿੰਨ ਅੱਖਰਾਂ ਨੂੰ ਸਵਰ ਅਤੇ  ਬਾਕੀ  ਅੱਖਰਾਂ ਨੂੰ
उ अ इ  पहले तिन्न अक्खरां नूं स्वर अते बाकी अक्खरां नूं
ਵਿਅੰਜਨ ਕਿਹਾ ਜਾਂਦਾ ਹੈ । ਵਿਅੰਜਨਾਂ ਦੀ ਵਰਤੋਂ ਬਿਨਾ ਮਾਤਰਾ ਦੇ
व्यंजन किहा जांदा है। व्यंजनां दी वरतों बिना मात्रा दे
ਕੀਤੀ ਜਾ ਸਕਦੀ ਹੈ । ਸਵਰਾਂ ਵਿਚੋ ਅ ਦੀ ਵਰਤੋਂ ਬਿਨਾ ਮਾਤਰਾਂ ਦੇ
कीती जा सकदी है। स्वरां विचो अ दी वरतों बिना मात्रां दे
ਕੀਤੀ ਜਾ ਸਕਦੀ ਹੈ । ੳ ਅਤੇ ੲ ਦੀ ਵਰਤੋਂ ਬਿਨਾ ਮਾਤਰਾ ਦੇ ਨਹੀਂ
कीती जा सकदी है । उ अते इ दी वरतों बिना मात्रा दे नहीं
ਕੀਤੀ ਜਾ ਸਕਦੀ ।
कीती जा सकदी।

ਮੁਕਤਾ ਅੱਖਰਾਂ ਨੂੰ ਜੋੜ ਕਰ ਸ਼ਬਦ :-
मुकता अक्खरां नूं जोड़ कर शबद :-





ਜਪ ਤਪ ਜਨ ਕਰ  ਤਨ ਮਨ ਧਨ ਸਭ  ਦਰ ਘਰ  ਮਤ ਸਤ  ਤਤ

ਭਜਨ ਕਰ,  ਸ਼ਰਮ ਮਤ ਕਰ, ਸ਼ਬਦ ਪੜ੍ਹ, ਸ਼ਰਅ ਛਡ, ਭਗਤ ਬਣ

ਅਕਲ ਕਰ  ਨਕਲ ਮਤ ਕਰ  ਜਨਮ ਧਰਮ ਕਰਮ ਸਰਬ ਪ੍ਰਭ

ਕਰਮ ਕਰ  ਭਗਤ ਭਗਵਨ ਦਰਸ਼ਨ ਕਰਨ

ਦਸਖ਼ਤ  ਮਲਮਲ  ਸ਼ਰਬਤ  ਜਲਥਲ

ਸਵਰ ਅਤੇ ਮਾਤਰਾਂ :-
स्वर अते मात्रां :-

ੳ ਅ ੲ ਤਿੰਨ ਅੱਖਰਾਂ ਨੂੰ ਸਵਰ ਅਤੇ ਬਾਕੀ ਅੱਖਰਾ ਨੂੰ ਵਿਅੰਜਨ
उ अ इ तिन्न अक्खरां नूं स्वर अते बाकी अक्खरां नूं व्यंजन

ਕਿਹਾ ਜਾਂਦਾ ਹੈ । ੳ ਅਤੇ ੲ ਦੀ ਵਰਤੋਂ ਬਿਨਾ ਮਾਤਰਾ ਦੇ ਨਹੀਂ
किहा जांदा है। उ अते इ दी वरतों बिना मात्रा दे नहीं

ਕੀਤੀ ਜਾ ਸਕਦੀ । ਵਿਅੰਜਨਾਂ ਦੇ ਨਾਲ ਮਾਤਰਾਵਾਂ ਦੀ ਵਰਤੋਂ ਨੂੰ
कीती जा सकदी। व्यंजनां दे नाल मात्रावां दी वरतों नूं

"ਮੁਹਾਰਨੀ" ਕਹਿੰਦੇ ਹਨ ।
"मुहारनी" कहन्दे हन।



| ਮਾਤਰਾਂ | मात्रऐं |
|---|---|
| ਾ - ਕੰਨਾ | ा - कन्ना (आ) |
| ਿ - ਸਿਹਾਰੀ | ि - सिहारी (इ) |
| ੀ - ਬਿਹਾਰੀ | ी - बिहारी (ई) |
| ੁ - ਔਂਕੜ | ु - औंकड़ (उ) |
| ੂ - ਦੂਲੈਕੜੇ | ू - दूलैकड़े(ऊ) |
| ੇ - ਲਾਂ | े - लां (ए) |
| ੈ - ਦੁਲਾਈਆਂ | ै - दुलाईआं (ऐ) |
| ੋ - ਹੋੜਾ | ो - होड़ा (ओ) |
| ੌ - ਕਨੌੜਾ | ौ - कनौड़ा(औ) |
| ੰ - ਟਿੱਪੀ | ं - टिप्पी |
| ਂ - ਬਿੰਦੀ | ं बिंदी व |
| | ँ चन्द्र बिन्दी |
| ੱ - ਅੱਧਕ | अर्ध अक्षर |
| ੍ਹ - ਅੱਧਾ ਹ | ्ह - अध्धा ह |
| ੍ਰ - ਅੱਧਾ ਰ | ्र - अध्धा र |
| ੍ਵ - ਅੱਧਾ ਵ | ्व - अध्धा व |

| | |
|---|---|
| ਅ | अ |
| ਆ | आ |
| ਇ | इ |
| ਈ | ई |
| ਉ | उ |
| ਊ | ऊ |
| ਏ | ए |
| ਐ | ऐ |
| ਓ | ओ |
| ਔ | औ |
| ਅੰ | अं |
| ਆਂ | आं |
| ਅੱ | अर्ध अक्षर |



| ਕ ਦੀ ਮੁਹਾਰਨੀ | क दी मुहारनी |
|---|---|
| ਕ | क |
| ਕਾ | का |
| ਕਿ | कि |
| ਕੀ | की |
| ਕੁ | कु |
| ਕੂ | कू |
| ਕੇ | के |
| ਕੈ | कै |
| ਕੋ | को |
| ਕੌ | कौ |
| ਕੰ | कं |
| ਕੱ | कक् |
| ਕਾਂ | कां |

ਕੰਨਾ (ਾ) ਵਾਲੇ ਅੱਖਰਾਂ ਦੀ ਵਰਤੋਂ :-
कन्ना (ा) वाले अक्खरां दी वरतों :-

ਆ ਦੀ ਮਾਤਰਾ ਨੂੰ ਪੰਜਾਬੀ ਵਿਚ ਕੰਨਾ ਕਹਿੰਦੇ ਹਨ ਪਰ ਇਸ ਦੀ
आ दी मात्रा नूं पंजाबी विच कन्ना कहन्दे हन पर इस दी

ਲੰਬਾਈ ਥੋੜੀ ਛੋਟੀ ਹੁੰਦੀ ਹੈ । ੳ ਅਤੇ ੲ ਨੂੰ ਛੱਡ ਕੇ ਕੰਨੇ ਦੀ
लम्बाई थोड़ी छोटी हुंदी है। उ अते इ नूं छड्ड के कन्ने दी

ਵਰਤੋ ਸਾਰੇ ਅੱਖਰਾਂ ਨਾਲ ਕੀਤੀ ਜਾ ਸਕਦੀ ਹੈ । ਇਸ ਨੂੰ ਅੱਖਰ ਦੇ
वरतो सारे अक्खरां नाल कीती जा सकदी है। इस नूं अक्खर दे

ਸੱਜੇ ਪਾਸੇ ਲਿਖਿਆ ਜਾਂਦਾ ਹੈ ।
सज्जे पासे लिख्या जांदा है।



ਆ ਜਾ ਭਾ ਤਾ ਨਾ ਖਾ
ਸ਼ਬਦ ਦਾ ਪਾਠ ਕਰ, ਨਾਮ ਦਾ ਜਾਪ ਕਰ
ਦਾਤਾ ਸਭ ਦਾ ਪਾਪਾ ਦਾਦਾ ਬਾਬਾ ਨਾਨਾ
ਸਭ ਦਾ ਆਦਰ ਮਾਣ ਕਰ
ਨਾਮ ਦਾਨ ਦਾ ਦਾਤਾ ਦਾਤਾਰ
ਪਾਪ ਨਾ ਕਮਾ
ਆਪਣਾ ਘਰ ਸਾਫ ਕਰ ਲਾ

ਪਰਮ ਆਤਮਾ ਭਾਵ ਪਰਮਾਤਮਾ ਸਭ ਦਾ ਮਾਲਕ ਰਖਵਾਲਾ

ਪਰਸ਼ਾਦ ਖਾ, ਆਲਸ ਨਾ ਕਰ,



ਸਿਹਾਰੀ ( ਿ ) ਵਾਲੇ ਅੱਖਰਾਂ ਦੀ ਵਰਤੋਂ :-
सिहारी ( ि ) वाले अक्खरां दी वरतों :-

ਹਿੰਦੀ ਦੀ ਛੋਟੀ ਈ ਦੀ ਮਾਤਰਾ ਨੂੰ ਪੰਜਾਬੀ ਵਿਚ ਸਿਹਾਰੀ ਕਿਹਾ
हिन्दी दी छोटी इ दी मात्रा नूं पंजाबी विच सिहारी किहा

ਜਾਂਦਾ ਹੈ । ੳ ਅਤੇ ਅ ਨੂੰ ਛੱਡ ਕੇ ਸਿਹਾਰੀ ਦੀ ਵਰਤੋਂ ਸਾਰੇ ਅੱਖਰਾਂ
जांदा है। उ अते अ नूं छड्ड के सिहारी दी वरतों सारे अक्खरां

ਨਾਲ ਕੀਤੀ ਜਾ ਸਕਦੀ ਹੈ । ਇਹ ਅੱਖਰ ਦੇ ਖੱਬੇ ਪਾਸੇ ਲਿਖੀ ਜਾਂਦੀ ਹੈ ।
नाल कीती जा सकदी है। एह अक्खर दे खब्बे पासे लिखी जांदी है।

ਸਿਹਾਰੀ ਦਾ ਉਚਾਰਣ ਭੀ ਦੂਸਰੇ ਸਵਰਾਂ ਦੀ ਤਰਹ ਅੱਖਰ ਦੇ ਬਾਅਦ
सिहारी दा उचारण भी दूसरे स्वरां दी तरां अक्खर दे बाद

ਹੁੰਦਾ ਹੈ, ਬੇਸ਼ਕ ਇਸ ਦੀ ਵਰਤੋਂ ਅੱਖਰ ਤੋਂ ਪਹਿਲਾਂ ਹੁੰਦੀ ਹੈ ।
हुंदा है, बेशक इस दी वरतों अक्खर तों पहलां हुंदी है।

ਜਿਸ ਤਰਾਂ ਪਿਤ ਨੂੰ ਪੜ੍ਹਾਂਗੇ ਪ+ਿ+ਤ = ਪਿਤ । ਸ਼ਬਦ ਦੇ ਅੰਤ ਵਿਚ
जिस तरां पित नूं पढ़ांगे प+ि+त पित। शब्द दे अंत विच



ਜਿ ਤਿ ਪਿ ਕਿ
ਇਹ ਸਿਖ ਸਿਰ ਪਿਤਾ ਫ਼ਿਦਾ
ਤਿਲਕ ਇਕ ਨਿਸ਼ਾਨ ਲਿਖਿਆ ਸਹਿਜ ਫਤਿਹ
ਹਿਸਾਬ ਕਿਤਾਬ ਲਹਿਣਾ ਸਿਫ਼ਤ ਕਿਰਿਆ ਮਾਇਆ ਪਿਆਸ
ਕਿਰਤ ਕਰ ਨਿਤ ਨਵਿਤ ਆਦਿ
ਮਿਹਰ ਨਿਗਾਹ ਤਕਿਆ
ਹਰਿ ਕਾ ਨਾਮ ਆਦਿ ਸਤਿ

ਸਿਮ ਸਿਮਰ ਸਿਮਰਨ ਸਿਮਰਨਾ ਨਿਰਾਕਾਰ

ਮਿਹਰ ਮਹਿਵਾਨ ਮਿਹਰਵਾਨ ਰਹਿ ਰਹਿਆ ਕਹਿ ਕਿਹਾ
ਦਇਆ ਦਇਆਵਾਨ ਦਇਆਨਿਧ

ਸਿਰ ਨਾ ਹਿਲਾ ਸਿਲਾ ਸਿਲਾਇਆ ਕਛਹਿਰਾ ਪਹਿਨ



ਸਿਹਾਰੀ ਦਾ ਉਚਾਰਣ ਨਹੀਂ ਹੁੰਦਾ ਜਿਵੇਂ : ਆਦਿ, ਜੁਗਾਦਿ, ਸਤਿ ।
सिहारी दा उच्चारण नहीं हुंदा जिवें : आदि, जुगदि, सति।

ਸ਼ਬਦ ਦੇ ਵਿਚ ਅਗਰ ਹ ਜਾਂ ੲ ਆਏ ਹੋਣ ਤਾਂ ਸਿਹਾਰੀ ਲਗਾ ਕੇ ਉਚਾਰਣ ਹੁੰਦਾ ਹੈ ਜਿਵੇਂ :
शब्द दे विच अगर ह जां इ आइे होण तां सिहारी लगा के उच्चारण हुंदा है जिवें :

ਰਹਿਣਾ, ਗਹਿਣਾ, ਸ਼ਾਇਦ, ਲਾਇਕ ਆਦਿ ।
रहिणा, गहिणा, शाइद, लाइक आदि।



ਰੈਹਣਾ, ਗੈਹਣਾ, ਸ਼ੈਦ, ਲੈਕ ਪੜ੍ਹਨਾ ਗਲਤ ਹੈ ।
रैहणा, गैहणा, शैद, लैक पढ़ना गलत है।



ਸ਼ਬਦ ਦੇ ਸ਼ੁਰੂ ਵਿਚ ਆਈ ਸਿਹਾਰੀ ਦਾ ਉਚਾਰਣ ਕਰਨਾ ਚਾਹੀਦਾ ਹੈ ਜਿਵੇਂ :
शब्द दे शुरू विच आई सिहारी दा उच्चारण करना चाहीदा है जिवें :

ਮਿਹਨਤ, ਮਿਹਰ ਸਿਹਤ ਆਦਿ । ਮੇਹਨਤ, ਮੇਹਰ, ਸੇਹਤ ਪੜ੍ਹਨਾ ਗਲਤ ਹੈ ।
मिहनत, मिहर सिहत आदि । मेहनत, मेहर, सेहत पढ़ना गलत है।

ਬਿਹਾਰੀ ( ੀ ) ਵਾਲੇ ਅੱਖਰਾਂ ਦੀ ਵਰਤੋਂ :-
बिहारी ( ी ) वाले अक्खरां दी वरतों :-

ਹਿੰਦੀ ਦੀ ਬੜੀ ਈ ਦੀ ਮਾਤਰਾ ਨੂੰ ਪੰਜਾਬੀ ਵਿਚ ਬਿਹਾਰੀ ਕਿਹਾ ਜਾਂਦਾ
हिन्दी दी बड़ी इ दी मात्रा नूं पंजाबी विच बिहारी किहा जांदा

ਹੈ । ਓ ਅਤੇ ਅ ਨੂੰ ਛਡ ਕੇ ਬਿਹਾਰੀ ਦੀ ਵਰਤੋ ਸਾਰੇ ਅੱਖਰਾਂ ਨਾਲ
है । उ अते अ नूं छड्ड के बिहारी दी वरतो सारे अक्खरां नाल

ਕੀਤੀ ਜਾ ਸਕਦੀ ਹੈ । ਇਹ ਅੱਖਰ ਦੇ ਸੱਜੇ ਪਾਸੇ ਲਿਖੀ ਜਾਂਦੀ ਹੈ ।
कीती जा सकदी है। एह अक्खर दे सज्जे पासे लिखी जांदी है।



ਧੀ ਰੀ ਕੀ ਚੀ ਜੀ ਪੀ ਲੀ ਸੀ ਹੀ ਖੀ ਛੀ ਡੀ ਭੀ ਕੀ ਨੀ
ਈਸ਼ ਜੀਵ ਈਸਾ ਗੀਤਾ ਸੀਤਾ ਚਰਨੀ
ਮੀਰੀ ਪੀਰੀ ਰਿਖੀ ਬੀਬੀ ਦੀਦੀ ਰੀਤੀ ਨੀਤੀ
ਬਾਣੀ ਦੀ ਵੀਚਾਰ ਕਰ, ਘਰ ਦੀ ਸਫਾਈ ਰਖ, ਸਿਹਤ ਦਾ ਖਿਆਲ ਕਰ, ਧਰਮ ਦੀ ਕਮਾਈ ਕਰ, ਸਤਿ ਦੀ ਸਿਖਿਆ ਵਿਚ ਸਮਾਈ ਜਾ
ਸਿਖੀ ਪਰਖੀ ਜਾਣੀ, ਧਰਮ ਦੀ ਕਿਰਤ ਕਮਾਈ ਕਰਨੀ ਚਰਨੀ ਸੀਸ ਨਿਭਾਈ ਜਾ



ਔਕੜ ( ੁ ) ਵਾਲੇ ਅੱਖਰਾਂ ਦੀ ਵਰਤੋਂ :-
औकड़ ( ु ) वाले अक्खरां दी वरतों :-

ਹਿੰਦੀ ਦੇ ਛੋਟੇ ੳ ਦੀ ਮਾਤਰਾ ਨੂੰ ਪੰਜਾਬੀ ਵਿਚ ਔਕੜ ਕਿਹਾ ਜਾਂਦਾ
हिन्दी दे छोटे उ दी मात्रा नूं पंजाबी विच औकड़ किहा जांदा
ਹੈ । ੲ ਅਤੇ ਅ ਨੂੰ ਛਡ ਕੇ ਔਕੜ ਦੀ ਵਰਤੋ ਸਾਰੇ ਅੱਖਰਾਂ ਨਾਲ
है। इ अते अ नूं छड के औकड़ दी वरतो सारे अक्खरां नाल
ਕੀਤੀ ਜਾ ਸਕਦੀ ਹੈ । ਇਸ ਨੂੰ ਅੱਖਰ ਦੇ ਥੱਲੇ ਵਾਲੇ ਪਾਸੇ ਲਿਖਿਆ
कीती जा सकदी है। इस नूं अक्खर दे थल्ले वाले पासे लिख्या
ਜਾਂਦਾ ਹੈ ।
जांदा है।

ਸ਼ਬਦ ਦੇ ਅੰਤ ਵਿਚ ਆਏ ਔਕੜ ਦਾ ਉਚਾਰਣ ਨਹੀਂ ਹੁੰਦਾ ਜਿਵੇਂ :
शबद दे अंत विच आए औकड़ दा उच्चारण नहीं हुंदा जिवें :
ਸਚੁ, ਨਾਮੁ ਆਦਿ । ਸ਼ਬਦ ਦੇ ਵਿਚ ਅਗਰ ਹ ਜਾਂ ੳ ਆਏ ਤਾਂ ਔਕੜ
सचु, नामु आदि । शब्द दे विच अगर ह जां उ आए तां औकड़
ਲਗਾ ਕੇ ਉਚਾਰਣ ਹੁੰਦਾ ਹੈ ਜਿਵੇਂ : ਬਹੁਤ, ਮਨਾਉਣਾ, ਆਦਿ ।
लगा के उच्चारण हुंदा है जिवें : बहुत, मनाउणा, आदि ।
ਬੌਹਤ, ਮਨੌਣਾ, ਪੜ੍ਹਨਾ ਗਲਤ ਹੈ ।
बौहत, मनौणा, पढ़ना गलत है।



ਜੁ ਤੁ ਸੁ ਮੁ ਮੁ ਕੁ ਨੁ ਰੁ
ਉਠ ਤੁਰ ਕੁਝ ਗੁੜ ਦੁਧ ਚੁਕ ਸੁਟ
ਸੁਖ ਦੁਖ ਕਰਮ ਕੁਕਰਮ ਫੁਲ
ਨੁਕਸ ਵਹੁਟੀ ਰੁਮਾਲ ਬਹੁਤ ਕੁਝ ਬਨਾਉਟੀ
ਕੁਕੜ ਕੁਕੜੀ ਬੁਲਬੁਲ ਖ਼ੁਸ਼
ਚੁਪ ਰੁਕ ਸੁਣ ਗੁਰਬਾਣੀ ਸੁਖਣਾ ਨਾ ਸੁਖ
ਸਤਿਗੁਰ ਦੇ ਹੁਕਮ ਅਨੁਸਾਰ ਤੁਰ
ਬਹੁਤ ਕੁਝ ਬਨਾਉਟੀ



ਦੁਲੈਂਕੜ (ੂ) ਵਾਲੇ ਅੱਖਰਾਂ ਦੀ ਵਰਤੋਂ :-
दुलैंकड़ ( ू ) वाले अक्खरां दी वरतों :-

ਹਿੰਦੀ ਦੇ ਵੱਡੇ ਊ ਦੀ ਮਾਤਰਾ ਨੂੰ ਪੰਜਾਬੀ ਵਿਚ ਦੁਲੈਂਕੜ ਕਿਹਾ ਜਾਂਦਾ ਹੈ ।
हिन्दी दे वड्डे ऊ दी मात्रा नूं पंजाबी विच दुलैंकड़ किहा जांदा है।

ੲ ਅਤੇ ਅ ਨੂੰ ਛਡ ਕੇ ਦੁਲੈਕੜ ਦੀ ਵਰਤੋ ਸਾਰੇ ਅੱਖਰਾਂ ਨਾਲ
इ अते अ नूं छड के दुलैकड़ दी वरतो सारे अक्खरां नाल

ਕੀਤੀ ਜਾ ਸਕਦੀ ਹੈ । ਇਸ ਨੂੰ ਵੀ ਅੱਖਰ ਦੇ ਥੱਲੇ ਵਾਲੇ ਪਾਸੇ
कीती जा सकदी है। इस नूं वी अक्खर दे थल्ले वाले पासे

ਲਿਖਿਆ ਜਾਂਦਾ ਹੈ ।
लिख्या जांदा है।



ਊ ਖੂ ਚੂ ਮੂ ਜੂ ਕੂ ਤੂ ਹੂ ਸੂ
ਊਤ ਖੂਹੀ ਚੂਕ ਮੂਰਤੀ ਜੂਤ ਕੂਕਣ ਤੂਰ ਹੂਰ ਸੂਰ
ਗੁਰੂ ਰੂਹ ਪੂਜਾ ਭੂਪ ਰੂਪ ਪੂਤ ਕਪੂਤ ਜੂਠ ਝੂਠ
ਊਲ ਜਲੂਲ ਝੂਲਾ ਝੂਲ
ਲਾਟੂ ਜਾਦੂ ਚੀਕੂ
ਮੂਰਜ ਤੂਰਤ ਮੂਸਾ
ਮੂਰਖ ਲੜਾਕੂ ਝਗੜਾਲੂ ਕਤੂਰਾ ਕਬੂਤਰ ਸਕੂਟਰ

ਬਿਨ ਸਤਿਗੁਰੂ ਕਿਹਦੀ ਪੂਜਾ
ਪੂਰਨ ਜੋਤ ਸਰੂਪ



ਲਾਂ ( ੇ ) ਵਾਲੇ ਅੱਖਰਾਂ ਦੀ ਵਰਤੋਂ :-
लां ( े ) वाले अक्खरां दी वरतों :-

ਹਿੰਦੀ ਦੀ ਛੋਟੀ ਏ ਦੀ ਮਾਤਰਾ ਨੂੰ ਪੰਜਾਬੀ ਵਿਚ ਲਾਂ ਕਿਹਾ ਜਾਂਦਾ
हिन्दी दी छोटी ए दी मात्रा नूं पंजाबी विच लां किहा जांदा

ਹੈ । ਓ ਅਤੇ ਅ ਨੂੰ ਛਡ ਕੇ ਇਸ ਦੀ ਵਰਤੋ ਸਾਰੇ ਅੱਖਰਾਂ ਨਾਲ
है । उ अते अ नूं छड्ड के इस दी वरतो सारे अक्खरां नाल

ਕੀਤੀ ਜਾ ਸਕਦੀ ਹੈ । ਇਸ ਨੂੰ ਅੱਖਰ ਦੇ ਉਪਰ ਵਾਲੇ ਪਾਸੇ ਲਿਖਿਆ
कीती जा सकदी है । इस नूं अक्खर दे उपर वाले पासे लिख्या

ਜਾਂਦਾ ਹੈ ।
जांदा है।



ਏ ਸੇ ਹੇ ਚੇ ਛੇ ਜੇ ਡੇ ਰੇ ਪੇ ਵੇ ਮੇ ਲੇ ਕੇ ਲੇ

ਮੇਰਾ ਤੇਰਾ ਕੇਸ ਦੇਸ ਏਕ ਅਨੇਕ ਨੇਕੀ ਹੇਰਾ ਫੇਰੀ ਮੇਲੀ
ਮੇਵ ਮੇਵ ਸਹੇਲੇ ਸਲੇਟੀ

ਦੇਵੀ ਦੇਵਤੇ ਰਹੇ ਪੇਖ
ਤੇਰੀ ਤੂ ਜਾਣੇ ਤੇਰੇ ਮੇਰੇ ਮੇਟ ਝੇੜੇ
ਆਵੇ ਜਾਵੇ ਕਰੇ ਭਰੇ ਦੇਰ ਸਵੇਰ
ਕਰੇ ਕਰਾਵੇ ਆਪੇ ਜਪੇ ਜਪਾਵੇ ਜਾਪੇ
ਟੇਡੇ ਮੇਡੇ ਰਾਹੇ ਏਕ ਤੇਰੀ ਟੇਕ



ਦੁਲਾਈਆਂ (ੈ) ਵਾਲੇ ਅੱਖਰਾਂ ਦੀ ਵਰਤੋਂ :-
दुलाईआं (ै) वाले अक्खरां दी वरतों :-



ਹਿੰਦੀ ਦੀ ਵੱਡੀ ਏ ਦੀ ਮਾਤਰਾ ਨੂੰ ਪੰਜਾਬੀ ਵਿਚ ਦੁਲਾਈਆਂ ਕਿਹਾ ਜਾਂਦਾ ਹੈ ।
हिन्दी दी वड्डी ऐ दी मात्रा नूं पंजाबी विच दुलाईआं किहा जांदा है।

ੳ ਅਤੇ ਅ ਨੂੰ ਛੱਡ ਕੇ ਇਸ ਦੀ ਵਰਤੋ ਸਾਰੇ ਅੱਖਰਾਂ ਨਾਲ ਕੀਤੀ ਜਾ ਸਕਦੀ ਹੈ ।
उ अते अ नूं छड्ड के इस दी वरतो सारे अक्खरां नाल कीती जा सकदी है।

ਇਸ ਨੂੰ ਅੱਖਰ ਦੇ ਉਪਰ ਵਾਲੇ ਪਾਸੇ ਲਿਖਿਆ ਜਾਂਦਾ ਹੈ ।
इस नूं अक्खर दे उपर वाले पासे लिख्या जांदा है।

ਜੈ ਭੈ ਪੈ ਰੈ ਲੈ ਹੈ
ਭੈਣ ਬੈਠ ਪੈਦਲ ਸ਼ੈਰ
ਭੈੜਾ ਵੈਰੀ ਮੈਲੇ ਪੈਰ ਬੈਠਕ ਐਨਕ ਫੈਸ਼ਨ
ਸ਼ੈਤਾਨ ਚੁੜੈਲ ਚੈਨ ਸਫ਼ੈਦ ਐਨਕ ਬੇਐਬ
ਜੈ ਜੈਕਾਰ ਕਰੇ
ਜੈਸਾ ਕਰੇ ਵੈਸਾ ਭਰੇ





ਹੋੜੇ ( ੋ ) ਵਾਲੇ ਅੱਖਰਾਂ ਦੀ ਵਰਤੋਂ :-
होड़े ( ो ) वाले अक्खरां दी वरतों :-

ਹਿੰਦੀ ਦੀ ਛੋਟੇ ੳ ਦੀ ਮਾਤਰਾ ਨੂੰ ਪੰਜਾਬੀ ਵਿਚ ਹੋੜਾ ਕਿਹਾ ਜਾਂਦਾ ਹੈ ।
हिन्दी दी छोटे उ दी मात्रा नूं पंजाबी विच होड़ा किहा जांदा है।

ਅ ਅਤੇ ੲ ਨੂੰ ਛੱਡ ਕੇ ਹੋੜੇ ਦੀ ਵਰਤੋ ਸਾਰੇ ਅੱਖਰਾਂ ਨਾਲ ਕੀਤੀ ਜਾ ਸਕਦੀ ਹੈ ।
अ अते इ नूं छड्ड के होड़े दी वरतो सारे अक्खरां नाल कीती जा सकदी है।

ੳ ਨਾਲ ਇਸ ਦੀ ਵਰਤੋਂ ਕਰਦੇ ਸਮੇਂ ੳ ਦਾ ਰੂਪ ਖੁਲੇ ਮੂੰਹ ਵਾਲਾ (ਓ) ਹੋ ਜਾਂਦਾ ਹੈ ।
उ नाल इस दी वरतों करदे समें उ दा रूप खुले मूंह वाला (ओ) हो जांदा है।

ਅਤੇ ਹੋੜਾ ਲਗਾਉਣ ਦੀ ਲੋੜ ਨਹੀਂ ਰਹਿੰਦੀ ।
अते होड़ा लगाउुण दी लोड़ नहीं रहिन्दी ।

ਇਸ ਨੂੰ ਅੱਖਰ ਦੇ ਉਪਰ ਵਾਲੇ ਪਾਸੇ ਲਿਖਿਆ ਜਾਂਦਾ ਹੈ ।
इस नूं अक्खर दे उपर वाले पासे लिखया जांदा है।





ਸੋ ਜੋ ਹੋ ਓ ਵੋ ਨੋ ਥੋ ਤੋ ਕੋ ਰੋ ਗੋ
ਗੋਲ ਮੋਲ ਫੋਟੋ ਜੋੜੋ ਘੋੜਾ ਮੋਟਾ ਛੋਹਰ

ਓਤ ਪੋਤ ਓਟ ਓੜਕ ਓਢਣ ਓਸ ਗਾਓ ਸੁਣਾਓ

ਤੋਲੋ ਫਿਰ ਬੋਲੋ ਰੋਣਾ ਧੋਣਾ ਛਡੋ

ਸੋਹਣਾ ਮੋਹਣਾ ਜੋੜਾ ਸ਼ੋਰ ਰੋਕੋ ਸੁਣੋ

ਗੁਰਸਿਖੋ ਗੁਰਮੁਖੋ ਭਗਤੋ ਭਰੋਸਾ ਰਖੋ

ਜੋਤੀ ਜੋਤ ਸਰੂਪ ਹਰਿ



ਕਨੌੜੇ ( ੌ ) ਵਾਲੇ ਅੱਖਰਾਂ ਦੀ ਵਰਤੋਂ :-
कनौड़े ( ौ ) वाले अक्खरां दी वरतों :-

ਹਿੰਦੀ ਦੀ ਵੱਡੀ ਓ ਦੀ ਮਾਤਰਾ ਨੂੰ ਪੰਜਾਬੀ ਵਿਚ ਕਨੌੜਾ ਕਿਹਾ ਜਾਂਦਾ ਹੈ ।
हिन्दी दी वड्डी उ दी मात्रा नूं पंजाबी विच कनौड़ा किहा जांदा है।



ੳ ਅਤੇ ੲ ਨੂੰ ਛੱਡ ਕੇ ਕਨੌੜੇ ਦੀ ਵਰਤੋ ਸਾਰੇ ਅੱਖਰਾਂ ਨਾਲ ਕੀਤੀ ਜਾ ਸਕਦੀ ਹੈ ।
उ अते इ नूं छड्ड के कनौड़े दी वरतो सारे अक्खरां नाल कीती जा सकदी है।

ਇਸ ਨੂੰ ਅੱਖਰ ਦੇ ਉਪਰ ਵਾਲੇ ਪਾਸੇ ਲਿਖਿਆ ਜਾਂਦਾ ਹੈ ।
इस नूं अक्खर दे उपर वाले पासे लिख्या जांदा है।

ਸੌ ਜੌ ਹੌ ਵੌ ਨੌ ਥੌ ਤੌ ਕੌ ਰੌ ਗੌ



ਔੜ ਕੌਰ ਚੌਲ ਦੌੜ ਹੌਲੀ ਪੌੜੀ ਮੌਤ ਔਖ ਸੌਖ
ਮੌਲਾ ਚੌਦਾਂ ਮੌਸੀ ਚੌਰ ਚੌਰਸ ਹੌਰਨ ਕੌਰਵ ਗੌਰ

ਮੌਲਿਆ ਨੌਕਰ ਔਰਤ ਸ਼ੌਕੀਨ ਸ਼ੌਹਰ ਰੌਣਕੀ ਔਲਾਦ
ਮਖੌਲੀ ਕਨੌੜਾ ਟੌਹਰੀ ਚੌਕੜੀ ਚੌਧਵੀ ਚੌਦਾਂ

ਟਿੱਪੀ ( ੰ ) ਅਤੇ ਬਿੰਦੀ ( ਂ ) ਵਾਲੇ ਅੱਖਰਾਂ ਦੀ ਵਰਤੋਂ :-
टिॅपी ( ੰ ) अते बिंदी ( ं ) वाले अक्खरां दी वरतों :-

ਹਿੰਦੀ ਦੀ ਚਾਂਦ ਬਿੰਦੀ ( ँ ) ਦੀ ਮਾਤਰਾ ਦੀ ਜਗਹ ਪੰਜਾਬੀ ਵਿਚ
हिन्दी दी चांद बिंदी ( ँ ) दी मात्रा दी जगह पंजाबी विच
ਟਿੱਪੀ ( ੰ ) ਜਾਂ ਬਿੰਦੀ ( ਂ ) ਦੀ ਵਰਤੋਂ ਕੀਤੀ ਜਾਂਦੀ ਹੈ ।
टिप्पी ( ੰ ) जां बिंदी ( ं ) दी वरतों कीती जांदी है ।
ਇਨ੍ਹਾਂ ਦੀ ਅਵਾਜ਼ ਨੱਕ ਚੋਂ ਨਿਕਲਦੀ ਹੈ । ਇਨ੍ਹਾਂ ਨੂੰ ਅੱਖਰ ਦੇ ਉਪਰ
इन्हां दी अवाज़ नक्क चों निकलदी है । इन्हां नूं अक्खर दे उपर
ਵਾਲੇ ਪਾਸੇ ਲਿਖਿਆ ਜਾਂਦਾ ਹੈ ।
वाले पासे लिख्या जांदा है ।

ਬਿੰਦੀ ( ਂ ) ਦੀ ਵਰਤੋਂ ਕੰਨਾ, ਬਿਹਾਰੀ, ਲਾਂ, ਦੁਲਾਈਆਂ, ਹੋੜਾ ਅਤੇ
बिंदी ( ं ) दी वरतों कन्ना, बिहारी, लां, दुलाईआं, होड़ा अते
ਕਨੌੜਾ ਅਤੇ ੳ ਦੇ ਨਾਲ ਕੀਤੀ ਜਾ ਸਕਦੀ ਹੈ ।
कनौड़ा अते उ दे नाल कीती जा सकदी है।

ਟਿੱਪੀ ( ੰ ) ਦੀ ਵਰਤੋਂ ਮੁਕਤਾ, ਸਿਹਾਰੀ, ਔਂਕੜ, ਦੂਲੈਂਕੜੇ, ਦੇ ਨਾਲ ਹੁੰਦੀ ਹੈ ।
टिप्पी ( ੰ ) दी वरतों मुकता, सिहारी, औंकड़, दूलैकड़े, दे नाल हुंदी है।

ਮਾਂ ਜਾਂ ਗਾਂ ਠਾਂਡਾ ਕਰਾਂ ਭਰਾਂ ਗਰਾਂ ਗੁਰਸਿਖਾਂ ਬੇਮੁਖਾਂ
ਟੀਂ ਪੀਂ ਨਹੀਂ ਮੀਂਹ ਪੀਂਗ
ਮੇਂ ਦੇਂ ਗੇਂਦਾ ਦਸਵੇਂ
ਹੈਂ ਮੈਂ ਪੈਂਡਾ ਲੈਂਟਰ ਦੈਂਤ ਟੈਂਕਾ
ਤੋਂ ਰੋਂ ਕਦੋਂ ਤੇਥੋਂ ਹੋਂਟ ਮਗਰੋਂ ਧੋਂਣਾ ਪਹਿਲੋਂ
ਜੌਂ ਗੌਂ ਪੌਂਡ ਸ਼ੌਂਕ ਔਂਤ
ਕਿਉਂ ਫੁਰਨਿਉਂ ਆਉਂਦੀ ਉਂਗਲ

ਹੰ ਕੰ ਜੰਤ ਸੰਤ ਅੰਧ ਅਗੰਮ ਮੰਡਲ ਸੰਮਤ ਨਿਹਕਲੰਕ
ਹਿੰ ਕਿੰ ਬਿੰਦੀ ਕਹਿੰਦਾ ਗੋਬਿੰਦ
ਮੁੰ ਧੁੰ ਕੁੰਡਾ ਮੁੰਡਾ ਧੁੰਦ ਪਹੁੰਚ ਮੁੰਦਰੀ
ਤੂੰ ਨੂੰ ਡੂੰਘੀ ਨੂੰਹ ਮੂੰਹ ਵਿਸ਼ਨੂੰ

ਅਧਕ ( ੱ ) ਦੀ ਵਰਤੋਂ :-
अधक ( ੱ ) दी वरतों :-

ਹਿੰਦੀ ਵਿਚ ਅੱਖਰਾਂ ਦੀ ਦੂਹਰੀ ਅਵਾਜ ਪ੍ਰਗਟ ਕਰਨ ਲਈ ਅੱਧੇ ਅੱਖਰਾਂ
हिन्दी विच अक्खरां दी दूहरी अवाज प्रगट करन लई अध्धे अक्खरां

ਦੀ ਵਰਤੋਂ ਕੀਤੀ ਜਾਂਦੀ ਹੈ । ਪਰ ਪੰਜਾਬੀ ਵਿਚ ਇਸ ਵਾਸਤੇ ਅੱਧਕ
दी वरतों कीती जांदी है । पर पंजाबी विच इस वास्ते अधक

ਦੀ ਵਰਤੋਂ ਕੀਤੀ ਜਾਂਦੀ ਹੈ । ਇਸ ਨੂੰ ਦੂਹਰੇ ਹੋਣ ਵਾਲੇ ਅੱਖਰ ਦੇ ਉਪਰ
दी वरतों कीती जांदी है। इस नूं दूहरे होण वाले अक्खर दे उपर

ਖੱਬੇ ਵਾਲੇ ਪਾਸੇ ਲਿਖਿਆ ਜਾਂਦਾ ਹੈ । ਇਹ ਆਮ ਤੌਰ ਤੇ ਮੁਕਤਾ, ਸਿਹਾਰੀ,
खब्बे वाले पासे लिख्या जांदा है। इह आम तौर ते मुकता,सिहारी,

ਔਂਕੜ, ਦੇ ਨਾਲ ਵਰਤੀ ਜਾਂਦੀ ਹੈ ।
औंकड़, दे नाल वरती जांदी है ।

ਹੱਕੇ ਬੱਕੇ ਰੱਬ ਲੱਭ ਥੱਕੇ ਅੱਜ ਦੱਸ ਨੱਸ ਕੱਲ

ਸੱਤਰ ਬਹੱਤਰ ਅੱਖਰ ਸੱਬਰ ਪੱਥਰ ਟੱਲ ਗੱਡ ਧੱਕਾ

ਟਿੱਪੀ ਨਿੱਤ ਕੱਚੀ ਇਕੱਲਾ ਇੱਕੀ ਸਿੱਖੀ ਟਿੱਪੀ

ਮੁੱਕਿਆ ਸੁੱਕਾ ਮਨੁੱਖ ਪੁੱਤਰ ਸੁੱਤਾ ਕੁੱਬਾ ਧਨੁੱਸ਼ ਸੁੱਕਾ



ਅੱਧੇ ਅੱਖਰਾਂ ( ੍ਰ ) ਅੱਧਾ ਰ, ( ੍ਹ ) ਅੱਧਾ ਹ, ( ੍ਵ ) ਅੱਧਾ ਵ ਦੀ ਵਰਤੋਂ :-
अध्धे अक्खरां( ्र ) अध्धा र, ( ्ह ) अध्धा ह, ( ्व ) अध्धा व दी वरतों :-

ਪੰਜਾਬੀ ਵਿਚ ਸਿਰਫ ( ੍ਰ ) ( ੍ਹ ) ( ੍ਵ ) ਦੀ ਹੀ ਵਰਤੋਂ ਕੀਤੀ ਜਾਂਦੀ ਹੈ
पंजाबी विच सिरफ ( ्र ) ( ्ह ) ( ्व ) दी ही वरतों कीती जांदी है
ਉਹ ਵੀ ਪੈਰਾਂ ਵਿਚ । ( ੍ਰ ) ਦੀ ਵਰਤੋਂ ਆਮਤੌਰ ਤੇ ਸੰਸਕ੍ਰਿਤ
उह वी पैरां विच । ( ्र ) दी वरतों आमतौर ते सस्कृत
ਵਾਲੇ ਅੱਖਰ ਜਿਸ ਤਰਹ ਪ੍ਰੇਮ, ਅੰਮ੍ਰਿਤ ਆਦਿ ਅਤੇ ਅੰਗਰੇਜੀ ਮੂਲ
वाले अॅखर जिस तरह प्रेम, अृमत आदि अते अंग्रेजी मूल
ਵਾਲੇ ਅੱਖਰ ਜਿਸ ਤਰਹ ਪ੍ਰੈਸ, ਪ੍ਰਿੰਸ ਆਦਿ ਵਿਚ ਕੀਤੀ ਜਾਂਦੀ ਹੈ ।
वाले अक्खर जिस तरह प्रैस, प्रिंस आदि विच कीती जांदी है।

ਪ੍ਰੀਤਮ ਪ੍ਰੇਮ ਅੰਮ੍ਰਿਤ ਕ੍ਰੋਧ ਬੇਪ੍ਰਵਾਹ ਗ੍ਰਿਹਿ

ਪੜ੍ਹ ਗੜ੍ਹ ਰਿਨ੍ਹ ਇਨ੍ਹਾਂ ਬੁਲ੍ਹਾਂ

ਸ੍ਵਰ ਸ੍ਵੈਮਾਨੀ ਤ੍ਵ-ਪ੍ਰਸਾਦਿ

( ੍ਹ ) ਦੀ ਵਰਤੋਂ ਖਾਸਤੌਰ ਤੇ ਮ, ਨ, ਰ, ਵ, ਲ, ਅਤੇ ੜ ਦੇ ਨਾਲ
( ्ह ) दी वरतों खासतौर ते म, न, र, व, ल, अते ड़ दे नाल

ਕੀਤੀ ਜਾਂਦੀ ਹੈ ਜਿਥੇ ਹ ਦੀ ਅਵਾਜ ਮਿਲੀ ਹੋਵੇ
ਜਿਸ ਤਰਹ ਪੜ੍ਹ, ਸੰਨ੍ਹ, ਆਦਿ ।

कीती जांदी है जित्थे ह दी अवाज मिली होवे
जिस तरह पड़्ह,संन्ह, आदि।

( ੍ਵ ) ਦੀ ਹੀ ਵਰਤੋਂ ਆਮ ਤੌਰ ਤੇ ਸਵ ਨਾਲ ਸ਼ੁਰੂ ਹੋਣ ਵਾਲੇ
( ्व ) दी ही वरतों आम तौर ते सव नाल शुरू होण वाले
ਅੱਖਰ ਦੇ ਥੱਲੇ ਕੀਤੀ ਜਾਂਦੀ ਹੈ ਜਿਸ ਤਰਹ ਸ੍ਵਰ, ਸ੍ਵੈਮਾਨ
अक्खर दे थल्ले कीती जांदी है जिस तरह स्वर, स्वैमान
ਆਦਿ । ਜਿਥੇ ਸ਼ਬਦਾਂ ਦਾ ਪੰਜਾਬੀ ਉਚਾਰਨ ਬਿਲਕੁਲ ਸਪਸ਼ਟ
ਹੋਵੇ ਉਥੇ ਅੱਧੇ ਅੱਖਰਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ ।
आदि। जित्थे शब्दां दा पंजाबी उचारन बिलकुल स्पष्ट
होवे उत्थे अध्धे अक्खरां दी वरतों नहीं कीती जांदी।

ੳ ਅ ੲ ਸਵਰ ਦੇ ਨਾਲ ਲੱਗਣ ਵਾਲੀਆਂ ਮਾਤਰਾਵਾਂ ਦੀ ਵਰਤੋਂ :-
उ अ इ स्वर दे नाल लग्गण वालीआं मात्रावां दी वरतों :-

ੳ ਦੀ ਵਰਤੋਂ ਬਿਨਾ ਮਾਤਰਾਂ ਦੇ ਨਹੀਂ ਕੀਤੀ ਜਾਂਦੀ । ੳ ਦੇ ਨਾਲ
उ दी वरतों बिना मात्रां दे नहीं कीती जांदी। उ दे नाल
ਔਂਕੜ ( ੁ ) ਅਤੇ ਦੁਲੈਂਕੜ ( ੂ ) ਦੀ ਵਰਤੋਂ ਕੀਤੀ ਜਾਂਦੀ ਹੈ ।
औकड़ ( ु ) अते दुलैंकड़ ( ू ) दी वरतों कीती जांदी है ।

ਓ ਦੀ ਵਰਤੋਂ (ੳ+ੋ) ਲਈ ਕੀਤੀ ਜਾਂਦੀ ਹੈ ।
ओ दी वरतों (उ+ो) लई कीती जांदी है।

ਅ ਦੀ ਵਰਤੋਂ ਬਿਨਾ ਕਿਸੇ ਮਾਤਰਾਂ ਵੀ ਕੀਤੀ ਜਾ ਸਕਦੀ । ਅ ਦੇ ਨਾਲ
अ दी वरतों बिना किसे मात्रां वी कीती जा सकदी। अ दे नाल
ਕੰਨਾ (ਾ ) ਦੁਲਾਵਾਂ (ੈ) ਅਤੇ ਕਨੌੜੇ (ੌ) ਦੀ ਵਰਤੋਂ ਕੀਤੀ ਜਾਂਦੀ ਹੈ ।
कंना (ा) दुलावां (ै) अते कनौड़े (ौ) दी वरतों कीती जांदी है।

ੲ ਦੀ ਵਰਤੋਂ ਬਿਨਾ ਮਾਤਰਾਂ ਦੇ ਨਹੀਂ ਕੀਤੀ ਜਾ ਸਕਦੀ । ੲ ਦੇ ਨਾਲ
इ दी वरतों बिना मात्रां दे नहीं कीती जा सकदी। इ दे नाल
ਸਿਹਾਰੀ (ਿ ) ਬਿਹਾਰੀ ( ੀ) ਅਤੇ ਲਾਂ (ੇ) ਦੀ ਵਰਤੋਂ ਕੀਤੀ ਜਾਂਦੀ ਹੈ ।
सिहारी (ि) बिहारी (ी) अते लां (े) दी वरतों कीती जांदी है।



ਉਸ ਕਰਾਉਣਾ ਉਹ ਉਲੂ
ਊਠ ਊਤ ਊਚ ਸਮਾਊ ਰਜਾਊ

ਓਮ ਓਟ ਓਸ ਓਦਰ ਪਿਓ ਰਖਾਓ

ਸ਼ਮਅ ਅਰਕ ਅਪਰਾਦ ਅਜਲ
ਆਖਾ ਪਾਇਆ ਦੁਆਰ
ਐਤਕੀਂ ਐਤਵਾਰ ਐਨਕ
ਔਖ ਔਗੁਣ ਔਲਾਦ

ਇਕ ਇਕੱਲਾ ਆਇਆ ਦਇਆ ਕਮਾਇਆ
ਈਸ਼ ਆਈਆ ਈੜੀ ਨਈਆ ਈੜੀ
ਏਕ ਗਏ ਆਖੀਏ ਦੂਏ

ੳ ਉਹ ੴ ਓਮ

ਅ ਅਬਿਨਾਸ਼ੀ ਅਵਤਾਰ ਅੱਲਾ

ੲ ਇਕ ਈਸ਼ਵਰ ਏਕੰਕਾਰ

ਸ ਸੋ ਸਾਹਿਬ ਸਤਿਗੁਰ ਸੋਹੰ

ਹ ਹੰ ਬ੍ਰਹਮ ਹਰਿ

ਕ ਕਰਤਾ ਪੁਰਖ ਕਰਤਾਰ ਕੰਤ

ਖ ਖਾਲਕ ਖਲਕ ਖਸਮ ਖੌਤ

ਗ ਗਊ ਗੋਪਾਲ ਗੁਰ ਸਤਿਗੁਰ

ਘ ਘਨਕਪੁਰ ਵਾਸੀ ਘਵਿੰਡ

ਙ ਙਿਆਨ

ਚ ਚਤਰਭੁਜ ਚਰਨ ਧੂੜ

ਛ ਛੋਹਰ ਬਾਂਕਾ ਛੈਲ ਛਵੀਲਾ

ਜ ਜੋਤੀ ਜੋਤ ਸਰੂਪ ਜਗਦੀਸ਼

ਝ ਝੰਡਾ

ਞ

ਟ ਟੀਚਰ

ਠ ਠਾਕਰ

ਡ ਡੰਡੌਤ

ਢ ਢਾਕਨ ਕੋ ਪਤ

ਣ

ਤ ਤੂੰ ਹੀ ਤੂੰ ਤਰਨਤਾਰਨ

ਥ ਥਿਰ ਘਰ ਵਾਸੀ ਥਾਂ ਥਾਂ

ਦ ਦਾਤਾ ਦਰਵੇਸ਼ ਦਾਤਾਰ ਦਾਨੀ ਦਾਮਨਗੀਰ

ਧ ਧੁਰਦਰਗਾਹੀ ਧਨੁੱਸ਼ ਧਾਰੀ ਧੋਬੀ

ਨ ਨਿਰਗੁਣ ਨਿਰੰਕਾਰ ਨਰਾਇਣ ਨੂੰਨੀ

ਪ ਪੁਰਖ ਅਕਾਲ ਪੂਰਨ ਪ੍ਰਮੇਸ਼ਵਰ ਪ੍ਰਭ

ਫ ਫਰਮਾਣ ਫੌਜਦਾਰ

ਬ ਬਾਦਸ਼ਾਹ ਬਾਪੂ ਬੇਐਬ ਬੇਅੰਤ

ਭ ਭਗਵਾਨ ਭਤਾਰ ਭਗਤ

ਮ ਮਹਾਰਾਜ ਮਾਲਕ ਮਿਹਰਵਾਨ ਮੀਆਂ

ਯ ਯਾਰ ਸਾਂਝਾ

ਰ ਰਾਮ ਰਖਵਾਲਾ

ਲ ਲਾਜਾਵੰਤ ਲਲਾਰੀ ਲਾਸ਼ਰੀਕ ਲੋ ਹਰੀ

ਵ ਵਾਹਵਾ ਵਿਸ਼ਨੂੰ ਭਗਵਾਨ, ਵਿਸਮਾਦੀ

ੜ

ਸ਼ ਸ਼ੇਰ ਸਿੰਘ ਸ਼ਰਨ ਸ਼ਬਦ

ਖ਼ ਖ਼ੌਂਤ

ਗ਼ ਗ਼ੁਬਾਰਾ

ਜ਼ ਜ਼ੰਜੀਰ

ਫ਼ ਫ਼ੁਆਰਾ





ਆਪਣਾ ਅੱਖਰ ਸ਼ਬਦ ਧਾਰ, ਹਰਿ ਸਾਚੇ ਆਪ ਉਪਜਾਈਆ । ਲੇਖਾ ਲਿਖ ਨਾ ਸਕੇ ਕੋਈ ਵਿਚ ਸੰਸਾਰ, ਭੇਵ ਅਭੇਦਾ ਭੇਵ ਛੁਪਾਈਆ । ਚਾਰ ਜੁਗ ਖੇਲ ਨਿਆਰ, ਰੂਪ ਅਨੂਪ ਵਟਾਈਆ । ਕੋਈ ਨਾ ਜਾਣੇ ਬਵੰਜਾ ਧਾਰ, ਬਾਵਨ ਅੱਖਰ ਰਹੇ ਸਲਾਹੀਆ । ਪੈਂਤੀਸ ਅੱਖਰ ਕਰ ਤਿਆਰ, ਜਗਤ ਵਿਦਿਆ ਕਰੇ ਪੜ੍ਹਾਈਆ । ਸਤਾਰਾਂ ਅੱਖਰ ਹਰਿ ਨਿਰੰਕਾਰ, ਆਪਣੇ ਅੰਦਰ ਬੈਠਾ ਬੰਦ ਕਰਾਈਆ । ਗੁਰ ਪੀਰ ਨਾ ਜਾਣੇ ਕੋਈ ਅਵਤਾਰ, ਨਾ ਸਕੇ ਕੋਇ ਜਣਾਈਆ । ਗਾ ਗਾ ਥੱਕੇ ਊਚ ਅਗੰਮ ਅਪਾਰ, ਨਿਉਂ ਨਿਉਂ ਸੀਸ ਝੁਕਾਈਆ । ਨਾਨਕ ਦਰਸ ਇਕ ਨਿਰੰਕਾਰ, ਏਕਾ ਦੂਜਾ ਭੌ ਚੁਕਾਈਆ । ਆਪ ਢਹਿ ਢਹਿ ਪਏ ਦਵਾਰ, ਆਪੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਧਾਰ ਬੰਧਾਈਆ ।

ਬਵੰਜਾ ਅੱਖਰ ਤੇਰੀ ਧਾਰ, ਛੇਵੇਂ ਘਰ ਵਸਾਈਆ । ਪੰਚਮ ਗੁਰ ਪੰਚ ਸ਼ਬਦ ਧੁਨਕਾਰ, ਪੰਚਮ ਰਿਹਾ ਗਾਈਆ । ਨਾਨਕ ਖੋਲ੍ਹੇ ਇਕ ਕਿਵਾੜ, ਰਾਮ ਰਾਮਾ ਰੂਪ ਦਰਸਾਈਆ । ਅਛਲ ਅਛੱਲ ਖੇਲ ਕਰਤਾਰ, ਗੋਪੀ ਕਾਹਨ ਆਪ ਨਚਾਈਆ । ਆਪੇ ਜੋਤੀ ਨੂਰ ਕਰ ਉਜਿਆਰ, ਲੱਖ ਚੁਰਾਸੀ ਰਿਹਾ ਸਮਾਈਆ । ਆਪੇ ਸੰਤ ਭਗਤ ਦਏ ਆਧਾਰ, ਨਾਮ ਨਾਮਾ ਆਪ ਅਖਵਾਈਆ । ਆਪੇ ਆਦਿ ਸ਼ਕਤ ਕਰ ਉਜਿਆਰ, ਨਮੋ ਸਤਿ ਆਪ ਵਡਿਆਈਆ । ਆਪੇ ਬ੍ਰਹਮਮਤ ਦਏ ਆਧਾਰ, ਪਾਰਬ੍ਰਹਮ ਭੇਵ ਨਾ ਰਾਈਆ । ਆਪੇ ਉਤਪਤ ਕਰੇ ਸਰਬ ਸੰਸਾਰ, ਆਪੇ ਮੇਟ ਮਿਟਾਈਆ । ਆਪੇ ਬੀਜ ਬੀਜੇ ਸਾਚੇ ਵਤ ਬ੍ਰਹਮਾ ਵਿਸ਼ਨ ਸ਼ਿਵ ਲਏ ਉਭਾਰ, ਆਪੇ ਆਪਣੇ ਵਿਚ ਸਮਾਈਆ । ਆਪੇ ਕਲਜੁਗ ਅੰਤਮ ਲੈ ਅਵਤਾਰ, ਖੇਲੇ ਖੇਲ ਬੇਪਰਵਾਹੀਆ । ਛੇਵੇਂ ਘਰ ਬੰਨ੍ਹੀ ਧਾਰ, ਬਵੰਜਾ ਭੇਵ ਨਾ ਰਿਹਾ ਖੁਲ੍ਹਾਈਆ । ਬਵੰਜਾ ਕਲੀਆਂ ਤਨ ਸ਼ੰਗਾਰ, ਬੰਦੀ ਛੋੜ ਬੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਧਰ, ਆਪਣੇ ਅੱਖਰ ਆਪ ਦਬਾਏ ਆਪਣੇ ਪੱਥਰ, ਨਾ ਕੋਈ ਸਕੇ ਭਾਰ ਉਠਾਈਆ । (੫ ਜੇਠ ੨੦੧੯ ਬਿ)

. . . . . . ਊੜਾ ਅੱਖਰ ਆਪ ਉਪਾ, ਤ੍ਰੈਲੋਕਾਂ ਆਪ ਵੇਖ ਵਖਾਇਆ । ਐੜਾ ਲੇਖਾ ਰਿਹਾ ਲਿਖਾ, ਏਕਾ ਅੱਖ ਖੁਲ੍ਹਾਇਆ । ਈੜੀ ਇਸ਼ਟ ਆਪ ਬਣਾ, ਆਪਣਾ ਰੂਪ ਬਣਾਇਆ । ਸੱਸਾ ਕਿਲ੍ਹਾ ਦਏ ਸੁਹਾ, ਸਤਿਗੁਰ ਘੇਰਾ ਪਾਇਆ । ਹਾਹਾ ਹਰਿਜਨ ਲਏ ਬਹਾ, ਦੂਸਰ ਕੋਈ ਨੇੜ ਨਾ ਆਇਆ । ਕੱਕਾ ਕਰਮ ਰਿਹਾ ਕਮਾ, ਖੱਖਾ ਖੇਲ ਰਚਾਇਆ । ਗੱਗਾ ਗੋਬਿੰਦ ਲਏ ਉਠਾ, ਘੱਗਾ ਘੋੜਾ ਨਾਲ ਲਿਆਇਆ । ਙ ਙਿਆਨ ਦਏ ਸੁਣਾ, ਚੱਚਾ ਚਿਤ ਦਏ ਸੁਹਾ, ਸੰਮਤ ਚੌਦਾਂ ਵੇਖ ਵਿਖਾਇਆ । ਛੱਛਾ ਛੱਪਰ ਇਕ ਬਣਾ, ਜੱਜਾ ਜਹਾਜ ਲਏ ਬਣਾ, ਗੁਰਮੁਖ ਸਾਚੇ ਵਿਚ ਚੜ੍ਹਾ, ਝੱਜਾ ਝੇੜਾ ਦਏ ਛਿੜਾ, ਨੇਹਕਲੰਕੀ ਜਾਮਾ ਪਾਇਆ । ਞਵਾ ਜਨਮ ਰਿਹਾ ਵਖਾ, ਗੁਰਮੁਖ ਸਾਚੇ ਜਨਮ ਦਵਾਇਆ । ਟੈਂਕਾ ਟੱਲ ਆਪ ਵਜਾ, ਸੋਹੰ ਹੱਥ ਰਖਾਇਆ । ਠੱਠਾ ਠੋਕਰ ਦਏ ਲਾ, ਲੋਆਂ ਪੁਰੀਆਂ ਰਿਹਾ ਹਿਲਾਇਆ । ਡੱਡਾ ਡਾਲ ਰਹੇ ਤੁੜਾ, ਲੱਖ ਚੁਰਾਸੀ ਰਿਹਾ ਖਪਾਇਆ । ਢੱਡਾ ਢੋਲਕ ਇਕ ਵਜਾ, ਅਨਹਦ ਸੇਵਾ ਲਾਇਆ । ਣਾਣਾ ਆਪਣਾ ਕਰਮ ਕਮਾ, ਆਪ ਆਪਣਾ ਭੇਖ ਵਟਾਇਆ । ਤੱਤਾ ਤਿਲਕ ਇਕ ਰਖਾ, ਗੁਰਮੁਖਾਂ ਜੋਤ ਜਗਾਇਆ । ਥੱਥਾ ਥਿਰ ਘਰ ਦਏ ਬਹਾ, ਨਾ ਕੋਈ ਬਾਹਰ ਕਢਾਇਆ । ਦੱਦਾ ਦੁੱਖ ਦਏ ਮਿਟਾ, ਗੁਰਸਿਖ ਸਚ ਸੁੱਚ ਸਮਾਈਆ । ਧੱਧਾ ਧਵਲ ਝੋਲੀ ਪਾ, ਆਤਮ ਦਾਤ ਰਿਹਾ ਵਧਾਈਆ । ਨੱਨਾ ਨਿਰਗੁਣ ਖੇਲ ਰਚਾ, ਸਰਗੁਣ ਮੇਲ ਮਿਲਾਈਆ । ਪੱਪਾ ਪੂਤ ਸਪੂਤਾ ਲਿਆ ਉਪਾ, ਖੇਲੇ ਖੇਲ ਹਰਿ ਰਘੁਰਾਈਆ । ਫੱਫਾ ਫਲ ਫੁਲਵਾੜੀ ਮਾਤ ਲਗਾ, ਹਾੜ ਸਤਾਰਾਂ ਖ਼ੁਸ਼ੀ ਮਨਾਈਆ । ਬੱਬਾ ਬੰਦ ਦਏ ਕਰਾ, ਨੌ ਦਰ ਵੇਖ ਵਖਾਈਆ । ਭੱਭਾ ਭੁੱਲਿਆਂ ਮਾਰਗ ਪਾ, ਏਕਾ ਚਰਨਾਂ ਰਾਹ ਵਖਾਈਆ । ਮੱਮਾ ਮੋਹਣੀ ਰੂਪ ਵਟਾ, ਮਨਮੁਖ ਜੀਵਾਂ ਰਿਹਾ ਭੁਲਾਈਆ । ਯਯਾ ਯਾਰ ਇਕ ਅਖਵਾ, ਸੱਜਣ ਮੀਤ ਆਪ ਹੋ ਆਈਆ । ਰਾਰਾ ਰੇਖਾ ਦਏ ਮਿਟਾ, ਹਰਿਜਨ ਸਾਚੇ ਲਏ ਤਰਾਈਆ । ਲੱਲਾ ਲਹਿਣਾ ਦੇਣਾ ਮੂਲ ਚੁਕਾ, ਆਪ ਆਪਣੇ ਅੰਗ ਲਗਾਈਆ । ਵਵਾ ਵਿਸ਼ਨੂੰ ਵੇਸ ਵਟਾ, ਜੋਤੀ ਨੂਰ ਸੰਗ ਰਲਾਈਆ । ਸੋਹੰ ਡੰਕ ਇਕ ਵਜਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਉਂ ਰਖਾਈਆ । ੜਾੜਾ ਅੱਖਰ ਰਾਹ ਰਿਹਾ ਤਕਾ, ਦਰ ਦਵਾਰੇ ਵੇਖੇ ਨੇਤਰ ਨੈਣ ਉਠਾ, ਦੋਵੇਂ ਮੁਖ ਪਾਰਬ੍ਰਹਮ ਦੀ ਬੈਠ ਕੁੱਖ, ਚਾਰੋਂ ਕੁੰਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਤਰਾਈਆ । (੧੮ ਹਾੜ ੨●੧੪ ਬਿ)

ਟਿੱਪੀ ਕਹੇ ਮੇਰਾ ਕਿਉਂ ਨਹੀਂ ਹੇਠਲਾ ਹਿੱਸਾ ਅੱਧ, ਅੱਧਿਆਂ ਦਿਆਂ ਜਣਾਈਆ । ਉਤੇ ਆਤਮਾ ਥੱਲੇ ਪਰਮਾਤਮਾ ਦੋਹਾਂ ਦੀ ਸਾਂਝੀ ਯਦ, ਦੂਜੀ ਵੰਡ ਨਾ ਕੋਇ ਵੰਡਾਈਆ । ਭਗਤੋ ਟਿੱਪੀ ਕਾਇਆ ਦੇ ਮੰਦਰ ਦੀ ਅਖ਼ੀਰੀ ਹੱਦ, ਇਸ ਦੇ ਅੰਦਰ ਸਾਰੇ ਛੰਦ, ਅੰਤਮ ਏਸੇ ਦੀ ਧਾਰ ਸਾਲਾਹੀਆ । ਜਿਸ ਦਾ ਲੰਮਾ ਚੌੜਾ ਨਹੀਂ ਕੋਈ ਕ਼ਦ, ਖੰਡਾ ਖੜਗ ਕਰ ਸਕੇ ਕੋਈ ਨਾ ਬੱਧ, ਧਰਨੀ ਖ਼ਾਕ ਰੱਖੇ ਕੋਈ ਨਾ ਦੱਬ, ਜਿਸ ਦਾ ਲਹਿਣਾ ਦੇਣਾ ਆਤਮ ਧਾਰ ਸਭ, ਸੋ ਸੰਤ ਸੁਹੇਲੇ ਗੁਰਮੁਖ ਭਗਤ ਲਏ ਲੱਭ, ਦੇਵੇ ਵਡਿਆਈ ਮਾਣ ਵਿਚ ਜਗ, ਭਰਮ ਮਿਟਾਏ ਦਰਸ ਦਿਖਾਏ ਉਪਰ ਸ਼ਾਹਰਗ, ਗੁਰਮੁਖ ਉਪਜਾਏ ਧੁਰ ਦੇ ਹੀਰੇ ਅਗੰਮੀ ਨਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨ, ਚਾਰ ਜੁਗ ਦੇ ਗੁਰ ਅਵਤਾਰ ਪੈਗ਼ੰਬਰਾਂ ਵੇਖ ਬਿਆਨ, ਚਾਰੇ ਖਾਣੀ ਕਰ ਧਿਆਨ, ਸਭ ਦਾ ਲਹਿਣਾ ਦੇਣਾ ਚੁਕਾਏ ਆਣ, ਪਾਵੇ ਸਾਰ ਜ਼ਿਮੀਂ ਅਸਮਾਨ, ਪਵਣ ਪਾਣੀ ਹੋਣ ਹੈਰਾਨ. ਟਿੱਪੀ ਕਹੇ ਮੇਰਾ ਨਿੱਕਾ ਜਿਹਾ ਬਿਆਨ, ਬਿਆਨਾ ਸਤਿਜੁਗ ਰਿਹਾ ਜਣਾਈਆ । (੧੫ ਚੇਤ ਸ਼ ਸੰ ੪)